News release

# ਅਲਬਰਟਾ ਵਿੱਚ ਜਲਦ ਹੀ ਕੋਵਿਡ-19 ਦੇ ਘਰ ਵਿੱਚ ਇਲਾਜ ਦਾ ਨਵਾਂ ਪ੍ਰਬੰਧ

ਜਨਵਰੀ 25, 2022

## ਕੋਵਿਡ-19 ਦੇ ਗੰਭੀਰ ਬਿਮਾਰੀ ਦੇ ਖਤਰੇ ਵਿੱਚ ਹਲਕੇ ਤੋਂ ਦਰਮਿਆਨੇ ਲੱਛਣਾਂ ਵਾਲੇ ਅਲਬਰਟਨਜ਼ ਜਲਦ ਇਲਾਜ ਦਾ ਦੂਜਾ ਵਿਕਲਪ ਹੋਵੇਗਾ।

ਪੈਕਸਲੋਵਿਡ ਦੀ ਪਹਿਲੀ ਸ਼ਿਪਮੈਂਟ 31 ਜਨਵਰੀ ਤੋਂ ਅਲਬਰਟਾਵਾਸੀਆਂ ਲਈ ਉਪਲਬਧ ਹੋਵੇਗੀ। ਸ਼ੁਰੂ ਵਿੱਚ ਸਪਲਾਈ ਸੀਮਤ ਹੋਵੇਗੀ ਸੋ ਸਭ ਤੋਂ ਲੋੜਵੰਦ ਇਸ ਲਈ ਯੋਗ ਹੋਣਗੇ। ਇਸ ਦਵਾਈ ਦੇ ਸੰਭਾਵਿਤ ਮਾੜੇ ਪ੍ਰਭਾਵ ਕਰਕੇ ਇਹ ਡਾਕਟਰ ਦੁਆਰਾ ਹੀ ਲਿਖੀ ਜਾਵੇਗੀ।

ਪੈਕਸਲੋਵਿਡ ਹੈਲਥ ਕਨੇਡਾ ਦੁਆਰਾ ਪ੍ਰਵਾਨਿਤ ਅਜਿਹਾ ਕੋਵਿਡ-19 ਇਲਾਜ ਹੈ ਜੋ ਘਰ ਵਿੱਚ ਗੋਲੀ ਦੇ ਰੂਪ ਵਿੱਚ ਲਿਆ ਜਾ ਸਕਦਾ ਹੈ ਅਤੇ ਇਹ ਪਿਛਲੇ ਸਾਲ ਤੋਂ ਉਪਲਬਧ ਸੋਟਰੋਵਿਮਬ ਤੋਂ ਬਾਅਦ ਅਲਬਰਟਾ ਵਿੱਚ ਕੋਵਿਡ-19 ਸ਼ੁਰੂਆਤੀ ਇਲਾਜ ਦਾ ਦੂਜਾ ਵਿਕਲਪ ਹੈ।

ਦਵਾਈ ਨਾਲ ਇਲਾਜ ਲੱਛਣਾਂ ਦਿਖਣ ਦੇ ਪੰਜ ਦਿਨਾਂ ਦੇ ਅੰਦਰ ਸ਼ੁਰੂ ਕੀਤਾ ਜਾਣਾ ਚਾਹੀਦਾ ਹੈ ਅਤੇ ਇਹ ਕਮਜੋਰ ਇਮਿਊਨਿਟੀ, ਬਿਨਾਂ ਟੀਕਾਕਰਨ ਅਤੇ 65 ਸਾਲ ਤੋਂ ਉੱਪਰ ਅਤੇ 18 ਸਾਲ ਤੋਂ ਵੱਧ ਦੇ ਗੰਭੀਰ ਬਿਮਾਰੀ ਦੇ ਖਤਰੇ ਵਿੱਚ ਵਿਅਕਤੀਆਂ ਦੇ ਵਰਤਣ ਲਈ ਤਿਆਰ ਕੀਤਾ ਗਿਆ ਹੈ।

## ਪੈਕਸਲੋਵਿਡ ਲਈ ਯੋਗਤਾ

ਪੈਕਸਲੋਵਿਡ ਉਹਨਾਂ ਮਰੀਜ਼ਾਂ ਦੀ ਵਰਤੋਂ ਲਈ ਹੈ ਜਿਨ੍ਹਾਂ ਨੂੰ ਕੋਵਿਡ-19 ਦੀ ਪੁਸ਼ਟੀ ਹੋਈ ਹੈ ਅਤੇ ਲੱਛਣ ਦਿਖਣ ਦੇ 5 ਦਿਨਾਂ ਅੰਦਰ ਹਨ ਅਤੇ ਕੁਝ ਡਾਕਟਰੀ ਮਾਪਦੰਡਾਂ ਨੂੰ ਪੂਰਾ ਕਰਦੇ ਹਨ।

ਯੋਗ ਸ਼ਰਤਾਂ ਵਿੱਚ ਸ਼ਾਮਲ ਹਨ:

ਉਹ ਵਿਅਕਤੀ ਬਿਨਾਂ ਕਿਸੇ ਵੈਕਸੀਨੇਸ਼ਨ ਸਥਿਤੀ ਦੇ ਕਿਸੇ ਖਾਸ ਸਿਹਤ ਸਥਿਤੀ ਵਿੱਚ ਨਹੀਂ ਹਨ ਅਤੇ ਹੇਠ ਲਿਖੀਆਂ ਇਮਿਊਨੋਕੰਪਰੋਮਾਈਜ਼ਿੰਗ ਸਥਿਤੀਆਂ ਵਿੱਚੋਂ ਇੱਕ ਹੈ:

- ਟ੍ਰਾਂਸਪਲਾਂਟ ਪ੍ਰਾਪਤਕਰਤਾ
- ਓਨਕੋਲੋਜੀ ਮਰੀਜ਼ ਜਿਨ੍ਹਾਂ ਨੇ ਦਸੰਬਰ 2020 ਤੋਂ ਕੀਮੋਥੈਰੇਪੀ ਜਾਂ ਹੋਰ ਇਮਯੂਨੋਸਪਰੈਸਿਵ(ਇਮਿਊਨਿਟੀ ਘਟਾਉਣ ਵਾਲਾ) ਇਲਾਜ ਪ੍ਰਾਪਤ ਕੀਤਾ ਹੈ
- ਕਿਸੇ ਤਰਾਂ ਦੀ ਇੰਨਫੈਕਸ਼ਨ ਵਾਲੀਆਂ ਸਥਿਤੀਆਂ ਜਿਵੇਂ ਕਿ:
    - ਰਿਉਮੇਟਾਇਡ ਗਠੀਆ;
    - ਲੂਪੱਸ(ਆਟੋਇਮਿਊਨ ਬਿਮਾਰੀ);
    - ਅੰਤੜੀ(ਬਾਊਲ) ਦੀ ਬਿਮਾਰੀ;

ਉਹ ਵਿਅਕਤੀ ਜੋ ਬਿਨਾਂ ਵੈਕਸੀਨੇਸ਼ਨ ਤੋਂ ਹਨ ਅਤੇ ਕਿਸੇ ਖਾਸ ਸਿਹਤ ਸਥਿਤੀ ਵਿੱਚ ਨਹੀਂ ਹਨ ਅਤੇ:

- 65 ਸਾਲ ਅਤੇ ਵੱਧ ਉਮਰ ਦੇ ਹਨ
- 18 ਸਾਲ ਅਤੇ ਇਸਤੋਂ ਵੱਧ ਉਮਰ ਦੇ ਅਤੇ ਕਿਸੇ ਖਾਸ ਪਹਿਲਾਂ ਤੋਂ ਮੌਜੂਦ ਸਿਹਤ ਸਥਿਤੀ ਨਾਲ ਹਨ ਜਿਸ ਵਿੱਚ ਸ਼ਾਮਲ ਹਨ:
    - ਸ਼ੂਗਰ (ਇਲਾਜ ਲਈ ਦਵਾਈ ਲੈਣਾ)
    - ਮੋਟਾਪਾ (BMI >30)
    - ਕੰਜੈਸਟਿਵ ਦਿਲ ਦੀ ਬਿਮਾਰੀ
    - ਪੁਰਾਣੀ ਫੇਫੜੇ ਦੀ ਬਿਮਾਰੀ ਅਤੇ ਦਰਮਿਆਨੇ ਤੋਂ ਗੰਭੀਰ ਦਮਾ

## ਪੈਕਸਲੋਵਿਡ ਕਿਵੇ ਪ੍ਰਾਪਤ ਕਰਨੀ ਹੈ

ਜਿਹੜੇ ਅਲਬਰਟਾਵਾਸੀ ਯੋਗਤਾ ਮਾਪਦੰਡਾਂ ਨੂੰ ਪੂਰਾ ਕਰਦੇ ਹਨ ਉਹ ਹੈਲਥ ਲਿੰਕ ਨੂੰ 1-844-343-0971 ਤੇ ਕਾਲ ਕਰ ਸਕਦੇ ਹਨ।

ਹੈਲਥ ਲਿੰਕ ਸਟਾਫ ਜਾਂਚ ਲਈ ਕੁਝ ਸਵਾਲ ਪੁੱਛੇਗਾ ਅਤੇ ਯੋਗਤਾ ਦੀ ਪੁਸ਼ਟੀ ਮਗਰੋਂ ਲੋੜ ਅਨੁਸਾਰ ਇਲਾਜ ਦੇ ਪ੍ਰਬੰਧ ਲਈ ਅਲਬਰਟਨ ਨੂੰ ਕਿਸੇ ਸਿਹਤ ਪੇਸ਼ੇਵਰ ਕੋਲ ਭੇਜੇਗਾ।

ਅਲਬਰਟਾਵਾਸੀ ਫਾਰਮੇਸੀਆਂ ਜਾਂ ਡਾਕਟਰਾਂ ਨੂੰ ਸਿੱਧੇ ਕਾਲ ਨਾ ਕਰਨ।

## ਵੈਕਸੀਨੇਸ਼ਨ ਦੀ ਬੁਕਿੰਗ ਕਰੋ

ਅਲਬਰਟਾ ਵਾਸੀਆਂ ਨੂੰ ਵੈਕਸੀਨ ਦੀ ਹਰ ਖੁਰਾਕ ਪ੍ਰਾਪਤ ਕਰਕੇ ਆਪਣੇ ਆਪ ਨੂੰ ਅਤੇ ਦੂਜਿਆਂ ਨੂੰ ਗੰਭੀਰ ਨਤੀਜਿਆਂ ਤੋਂ ਬਚਾਉਣ ਵਿੱਚ ਆਪਣਾ ਯੋਗਦਾਨ ਪਾਉਣ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ। ਅਲਬਰਟਾ ਵੈਕਸੀਨ ਬੁਕਿੰਗ ਸਿਸਟਮ(booking system) ਦੀ ਵਰਤੋਂ ਕਰਕੇ ਭਾਗੀਦਾਰ ਫਾਰਮੇਸੀਆਂ ਜਾਂ ਏਐੱਚਐਸ ਨਾਲ ਆਨਲਾਈਨ ਬੁੱਕਿੰਗ ਕੀਤੀ ਜਾ ਸਕਦੀ ਹੈ। ਅਲਬਰਟਨ 811, ਭਾਗ ਲੈਣ ਵਾਲੀਆਂ ਫਾਰਮੇਸੀਆਂ(participating pharmacies) ਜਾਂ ਭਾਗ ਲੈਣ ਵਾਲੇ ਡਾਕਟਰਾਂ ਦੇ ਦਫਤਰਾਂ ਨੂੰ ਵੀ ਕਾਲ ਕਰ ਸਕਦੇ ਹਨ।

## ਸਬੰਧਿਤ ਜਾਣਕਾਰੀ

- Book your COVID-19 vaccine appointment(ਆਪਣੀ ਕੋਵਿਡ-19 ਵੈਕਸੀਨ ਲਈ ਬੁਕਿੰਗ ਕਰੋ)

## ਮਲਟੀਮੀਡੀਆ

- Watch the news conference
- Listen to the news conference

## ਮੀਡੀਆ ਪੁੱਛਗਿੱਛ

Steve Buick(ਸਟੀਵ ਬ੍ਯੂਇਕ)

780-288-1735
ਸੀਨੀਅਰ ਪ੍ਰੈਸ ਸੈਕਟਰੀ, ਹੈਲਥ